ਮਿੱਠੇ ਬੱਚੇ:- "ਮਿੱਠੇ ਬੱਚੇ :- ਸਮੇਂ ਪ੍ਰਤੀ ਸਮੇਂ ਗਿਆਨ ਸਾਗਰ ਦੇ ਕੋਲ ਆਓ, ਗਿਆਨ ਰਤਨਾ ਦਾ ਵਖਰ (ਸਾਮਾਨ) ਭਰਕੇ ਫਿਰ ਬਾਹਰ ਜਾਕੇ ਡਲੀਵਰੀ ਕਰੋ, ਵਿਚਾਰ ਸਾਗਰ ਸੰਥਨ ਕਰ ਸੇਵਾ ਵਿਚ ਲੱਗ ਜਾਵੋ"

ਪ੍ਰਸ਼ਨ:- ਸਭ ਤੋਂ ਚੰਗਾ ਪੁਰਸ਼ਾਰਥ ਕਿਹੜਾ ਹੈ? ਬਾਪ ਨੂੰ ਕਿਹੜੇ ਬੱਚੇ ਪਿਆਰੇ ਲਗਦੇ ਹਨ?

ਉੱਤਰ:- ਕਿਸੇ ਦਾ ਵੀ ਜੀਵਨ ਬਨਾਉਣਾ, ਇਹ ਬਹੁਤ ਚੰਗਾ ਪੁਰਸ਼ਾਰਥ ਹੈ। ਬੱਚਿਆਂ ਨੂੰ ਇਸੇ ਪੁਰਸ਼ਾਰਥ ਵਿੱਚ ਲੱਗ ਜਾਣਾ ਚਾਹੀਦਾ ਹੈ। ਕਦੇ ਜੇਕਰ ਕੋਈ ਭੁੱਲ ਹੋ ਜਾਂਦੀ ਹੈ ਤਾਂ ਉਸ ਦੇ ਬਦਲੇ ਵਿੱਚ ਖੂਬ ਸਰਵਿਸ ਕਰੋ। ਨਹੀਂ ਤਾਂ ਉਹ ਭੁੱਲ ਦਿਲ ਨੂੰ ਖਾਂਦੀ ਰਹੇਗੀ। ਬਾਪ ਨੂੰ ਗਿਆਨੀ ਅਤੇ ਯੋਗੀ ਬੱਚੇ ਹੀ ਬਹੁਤ ਪਿਆਰੇ ਲਗਦੇ ਹਨ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਬੱਚੇ ਸਮਝ ਸਕਦੇ ਹਨ ਕਿ ਸਨਮੁੱਖ ਮੁਰਲੀ ਸੁਣਨਾ ਜਾਂ ਟੇਪ ਤੇ ਸੁਣਨਾ ਜਾਂ ਕਾਗਜ ਤੋਂ ਪੜਨ ਵਿੱਚ ਫਰਕ ਜਰੂਰ ਹੈ। ਗੀਤ ਵਿੱਚ ਵੀ ਕਹਿੰਦੇ ਹਨ ਜੋ ਪਿਆ ਦੇ ਨਾਲ ਹੈ... ਬਰਸਾਤ ਤੇ ਸਭ ਦੇ ਲਈ ਹੈ ਪ੍ਰੰਤੂ ਨਾਲ ਰਹਿਣ ਤੇ ਬਾਪ ਦੇ ਐਕਪ੍ਰੇਸ਼ਨ ਨੂੰ ਸਮਝਣ, ਵੱਖ - ਵੱਖ ਡਾਇਰੈਕਸ਼ਨ ਨੂੰ ਜਾਨਣ ਦਾ ਬਹੁਤ ਫਾਇਦਾ ਹੁੰਦਾ ਹੈ। ਪ੍ਰੰਤੂ ਇਵੇਂ ਵੀ ਨਹੀਂ ਕਿਸੇ ਨੂੰ ਬੈਠ ਜਾਣਾ ਹੈ। ਵਖਰ ( ਸਾਮਾਨ ) ਭਰਿਆ ਅਤੇ ਜਾਕੇ ਸਰਵਿਸ ਕੀਤੀ। ਫਿਰ ਆਇਆ ਵਖਰ ਭਰਨ। ਮਨੁੱਖ ਸਾਮਾਨ ਖਰੀਦ ਕਰਨ ਜਾਂਦੇ ਹਨ, ਵੇਚਣ ਦੇ ਲਈ। ਵੇਚ ਕੇ ਫਿਰ ਸਾਮਾਨ ਲੈਣ ਆਉਂਦੇ ਹਨ। ਇਹ ਵੀ ਗਿਆਨ ਰਤਨਾਂ ਦਾ ਵਖਰ ਹੈ। ਵਖਰ ਲੈਣ ਵਾਲੇ ਤੇ ਆਉਣਗੇ ਨਾ। ਕੋਈ ਡਲੀਵਰੀ ਨਹੀਂ ਕਰਦੇ ਹਨ, ਪੁਰਾਣੇ ਵਖਰ ਤੇ ਹੀ ਰਹਿੰਦੇ ਹਨ, ਨਵਾਂ ਲੈਣਾ ਨਹੀਂ ਚਾਉਂਦੇ ਹਨ। ਅਜਿਹੇ ਵੀ ਬੇਸਮਝ ਹਨ। ਮਨੁੱਖ ਤੀਰਥਾਂ ਤੇ ਜਾਂਦੇ ਹਨ, ਤੀਰਥ ਤੇ ਨਹੀਂ ਆਉਣਗੇ ਨਾ ਕਿਉਂਕਿ ਉਹ ਤੇ ਜੜ ਚਿੱਤਰ ਹਨ। ਇਨ੍ਹਾਂ ਗੱਲਾਂ ਨੂੰ ਬੱਚੇ ਹੀ ਜਾਣਦੇ ਹਨ। ਮਨੁੱਖ ਤੇ ਕੁਝ ਵੀ ਨਹੀਂ ਜਾਣਦੇ। ਬਹੁਤ ਵੱਡੇ - ਵੱਡੇ ਗੁਰੂ ਲੋਕ ਸ਼੍ਰੀ ਸ਼੍ਰੀ ਮਹਾਂਮੰਡਲੇਸ਼ਵਰ ਆਦਿ ਜਗਿਆਸੂਆਂ ਨੂੰ ਤੀਰਥਾਂ ਤੇ ਲੈ ਜਾਂਦੇ ਹਨ, ਤ੍ਰੀਵੇਣੀ ਤੇ ਕਿੰਨੇ ਜਾਂਦੇ ਹਨ। ਨਦੀ ਪਾਰ ਜਾਕੇ ਦਾਨ ਕਰਨ ਨੂੰ ਪੁੰਨ ਸਮਝਦੇ ਹਨ। ਇੱਥੇ ਭਗਤੀ ਦੀ ਤੇ ਗੱਲ ਹੀ ਨਹੀਂ। ਇੱਥੇ ਤੇ ਬਾਪ ਦੇ ਕੋਲ ਆਉਣਾ ਹੈ ਤਾਂ ਬੱਚਿਆਂ ਨੂੰ ਸਮਝ ਕੇ ਫਿਰ ਸਮਝਾਉਣਾ ਹੈ। ਪ੍ਰਦਰਸ਼ਨੀ ਵਿਚ ਵੀ ਮਨੁੱਖਾਂ ਨੂੰ ਸਮਝਾਉਣਾ ਹੈ। ਇਹ ਤੇ। 84 ਜਨਮਾਂ ਦਾ ਚਕ੍ਰ ਲਗਾਉਂਦੇ ਹਨ ਇਹ ਤੇ ਬੱਚੇ ਜਾਣਦੇ ਹਨ, ਸਭ ਨਹੀਂ ਲਗਾਉਂਦੇ ਹਨ। ਇਸ ਵਿੱਚ ਸਮਝਾਉਣ ਦੀ ਬੜੀ ਯੁਕਤੀ ਚਾਹੀਦੀ ਹੈ। ਇਸ ਚਕ੍ਰ ਵਿੱਚ ਹੀ ਮਨੁੱਖ ਮੂੰਝਦੇ ਹਨ। ਝਾੜ ਦਾ ਤੇ ਕਿਸੇ ਨੂੰ ਪਤਾ ਹੀ ਨਹੀਂ ਹੈ। ਸ਼ਾਸਤਰਾਂ ਵਿੱਚ ਵੀ ਚਕ੍ਰ ਵਿਖਾਉਂਦੇ ਹਨ। ਕਲਪ ਦੀ ਆਯੂ ਚਕ੍ਰ ਤੋਂ ਨਿਕਾਲਦੇ ਹਨ, ਚਕ੍ਰ ਵਿੱਚ ਹੀ ਰੌਲਾ ਹੈ। ਅਸੀਂ ਤਾਂ ਪੂਰਾ ਚਕ੍ਰ ਲਗਾਉਂਦੇ ਹਾਂ। 84 ਜਨਮ ਲੈਂਦੇ ਹਾਂ, ਬਾਕੀ ਇਸਲਾਮੀ, ਬੋਧੀ ਆਦਿ ਉਹ ਤੇ ਬਾਅਦ ਵਿਚ ਆਉਂਦੇ ਹਨ। ਅਸੀਂ ਕਿਵੇਂ ਉਸ ਚਕ੍ਰ ਤੋਂ ਸਤੋਂ, ਰਜੋ, ਤਮੋ ਵਿੱਚ ਪਾਸ ਕਰਦੇ ਹੈ - ਉਹ ਗੋਲੇ ਵਿੱਚ ਵਿਖਾਇਆ ਹੋਇਆ ਹੈ। ਬਾਕੀ ਹੋਰ ਜੋ ਆਉਂਦੇ ਹਨ ਇਸਲਾਮੀ, ਬੋਧੀ ਆਦਿ ਉਨ੍ਹਾਂ ਦਾ ਕਿਵੇਂ ਵਿਖਾਵੇਂ? ਉਹ ਵੀ ਸਤੋ, ਰਜੋ, ਤਮੋ ਵਿੱਚ ਆਉਂਦੇ ਹਨ। ਅਸੀਂ ਆਪਣਾ ਵਿਰਾਟ ਰੂਪ ਵੀ ਵਿਖਾਉਂਦੇ ਹਾਂ - ਸਤਿਯੁਗ ਤੋਂ ਲੈਕੇ ਕਲਯੁੱਗ ਤੱਕ ਪੂਰਾ ਰਾਉਂਡ ਲੈ ਆਉਂਦੇ ਹਨ। ਚੋਟੀ ਹੈ ਬ੍ਰਾਹਮਣਾਂ ਦੀ ਫਿਰ ਮੂੰਹ ਨੂੰ ਸਤਿਯੁਗ ਵਿੱਚ, ਬਾਹਵਾਂ ਨੂੰ ਤ੍ਰੇਤਾ ਵਿੱਚ, ਪੇਟ ਨੂੰ ਦਵਾਪਰ ਵਿੱਚ ਫਿਰ ਟੰਗਾਂ ਨੂੰ ਲਾਸ੍ਰ ਵਿੱਚ ਖੜਾ ਕਰੋਂ। ਆਪਣਾ ਤੇ ਵਿਰਾਟ ਰੂਪ ਵਿਖਾਵੈਂ। ਬਾਕੀ ਦੂਜੇ ਧਰਮ ਵਾਲਿਆਂ ਦਾ ਕਿਵੇਂ ਵਿਖਾਵੇਂ? ਉਸ ਨੂੰ ਵੀ ਸ਼ੁਰੂ ਕਰਨ ਤਾਂ ਪਹਿਲੇ ਸਤੋਪ੍ਰਧਾਨ, ਫਿਰ ਸਤੋ, ਰਜੋ, ਤਮੋ। ਤਾਂ ਇਸ ਤੋਂ ਸਿੱਧ ਹੋ ਜਾਵੇਗਾ ਕਿ ਕਦੇ ਵੀ ਕੋਈ ਨਿਰਵਾਣ ਵਿੱਚ ਨਹੀਂ ਗਿਆ ਹੈ। ਉਨ੍ਹਾਂ ਨੂੰ ਤੇ ਇਸ ਚਕ੍ਰ ਵਿੱਚ ਆਉਣਾ ਹੀ ਹੈ। ਹਰੇਕ ਨੂੰ ਸਤੋ, ਰਜੋ, ਤਮੋ ਵਿੱਚ ਆਉਣਾ ਹੀ ਹੈ। ਇਬਰਾਹੀਮ, ਬੁੱਧ, ਕਰਾਈਸਟ ਆਦਿ ਵੀ ਤੇ ਮਨੁੱਖ ਸਨ। ਰਾਤ ਵੇਲੇ ਬਾਬਾ ਨੂੰ ਬਹੁਤ ਖਿਆਲ ਚਲਦਾ ਹੈ। ਖਿਆਲਾਤ ਵਿੱਚ ਫਿਰ ਨੀਂਦ ਦਾ ਨਸ਼ਾ ਉੱਡ ਜਾਂਦਾ ਹੈ, ਨੀਂਦ ਫਿੱਟ ਜਾਂਦੀ ਹੈ। ਸਮਝਾਉਣ ਦੀ ਬੜੀ ਚੰਗੀ ਯੁਕਤੀ ਚਾਹੀਦੀ ਹੈ। ਉਨ੍ਹਾਂ ਦਾ ਵੀ ਵਿਰਾਟ ਰੂਪ ਬਨਾਉਣਾ ਪਵੇ। ਉਨ੍ਹਾਂ ਦਾ ਵੀ ਪੈਰ ਪਿਛਾੜੀ ਵਿੱਚ ਲੈ ਜਾਕੇ ਫਿਰ ਲਿਖਤ ਵਿੱਚ ਸਮਝਾਓ। ਬੱਚਿਆਂ ਨੇ ਸਮਝਾਉਣਾ ਹੈ ਕਰਾਈਸਟ ਜਦੋਂ ਆਉਂਦੇ ਹਨ ਉਨ੍ਹਾਂ ਨੂੰ ਵੀ ਸਤੋ, ਰਜੋ, ਤਮੋ ਤੋਂ ਪਾਸ ਕਰਨਾ ਪੈਂਦਾ ਹੈ। ਸਤਿਤੁਗ ਵਿੱਚ ਤੇ ਉਹ ਆਉਂਦੇ ਨਹੀਂ। ਆਉਣਾ ਤੇ ਬਾਦ ਵਿਚ ਹੈ। ਕਹਾਂਗੇ ਕਰਾਈਸਟ ਹੇਵਿਨ ਵਿੱਚ ਨਹੀਂ ਆਵੇਗਾ! ਇਹ ਤਾਂ ਬਣਿਆ - ਬਣਾਇਆ ਖੇਲ ਹੈ। ਤੁਸੀਂ ਜਾਣਦੇ ਹੋ ਕਰਾਈਸਟ ਤੋਂ ਪਹਿਲਾਂ ਵੀ ਧਰਮ ਸਨ ਫਿਰ ਉਹ ਹੀ ਰਪੀਟ ਕਰਨਾ ਹੈ। ਡਰਾਮੇ ਦਾ ਰਾਜ਼ ਸਮਝਾਉਣਾ ਹੁੰਦਾ ਹੈ। ਪਹਿਲੇ - ਪਹਿਲੇ ਤੇ ਬਾਪ ਦਾ ਪਰਿਚੈ ਦੇਣਾ ਹੈ। ਬਾਪ ਤੋਂ ਕਿਵੇਂ ਸੈਕਿੰਡ ਵਿੱਚ ਵਰਸਾ ਮਿਲਦਾ ਹੈ? ਗਾਇਆ ਵੀ ਹੋਇਆ ਹੈ ਸੈਕਿੰਡ ਵਿੱਚ ਜੀਵਨਮੁਕਤੀ ਦੇਖੋ, ਬਾਬਾ ਦੇ ਕਿੰਨੇ ਖਿਆਲਾਤ ਚਲਦੇ ਹਨ। ਬਾਬਾ ਦਾ ਪਾਰਟ ਹੈ ਵਿਚਾਰ ਸਾਗਰ ਮੰਥਨ ਦਾ। ਗੋਡ ਫਾਦਰਲੀ ਬਰਥ ਰਾਇਟ " ਨਾਉ ਆਰ ਨੇਵਰ" ਅੱਖਰ ਲਿਖਿਆ ਹੋਇਆ ਹੈ। ਜੀਵਨਮੁਕਤੀ ਅੱਖਰ ਲਿਖਣਾ ਹੈ। ਲਿਖਤ ਕਲੀਅਰ ਹੋਵੇਗੀ ਤਾਂ ਸਮਝਾਉਣ ਵਿੱਚ ਸਹਿਜ ਹੋਵੇਗਾ। ਜੀਵਨਮੁਕਤੀ ਦਾ ਵਰਸਾ ਮਿਲਿਆ। ਜੀਵਨਮੁਕਤੀ ਵਿੱਚ ਰਾਜਾ, ਰਾਣੀ, ਪ੍ਰਜਾ ਸਭ ਹਨ। ਤਾਂ ਲਿਖਤ ਨੂੰ ਵੀ ਠੀਕ ਕਰਨਾ ਪਵੇ। ਬਿਗ੍ਰ ਚਿੱਤਰ ਵੀ ਸਮਝਾਇਆ ਜਾ ਸਕਦਾ ਹੈ। ਸਿਰਫ ਇਸ਼ਾਰੇ ਤੇ ਵੀ ਸਮਝਾਇਆ ਜਾ ਸਕਦਾ ਹੈ। ਇਹ ਬਾਬਾ ਹੈ, ਇਹ ਵਰਸਾ ਹੈ। ਜੋ ਯੋਗਯੁਕਤ ਹੋਣਗੇ ਉਹ ਚੰਗੀ ਤਰ੍ਹਾਂ ਸਮਝਾ ਸਕਣਗੇ। ਸਾਰਾ ਮਦਾਰ ਯੋਗ ਤੇ ਹੈ। ਯੋਗ ਨਾਲ ਬੁੱਧੀ ਪਵਿਤ੍ਰ ਹੁੰਦੀ ਹੈ ਤਾਂ ਹੀ ਧਾਰਨਾ ਹੋ ਸਕਦੀ ਹੈ। ਇਸ ਵਿੱਚ ਦੇਹੀ - ਅਭਿਮਾਨੀ ਅਵਸਥਾ ਚਾਹੀਦੀ ਹੈ। ਸਭ ਕੁਝ ਭੁੱਲਣਾ ਪਵੇ। ਸ਼ਰੀਰ ਨੂੰ ਵੀ ਭੁੱਲਣਾ ਹੈ। ਬਸ, ਹੁਣ ਸਾਨੂੰ ਵਾਪਿਸ ਜਾਣਾ ਹੈ, ਇਹ

ਦੁਨੀਆ ਤੇ ਖਤਮ ਹੋ ਜਾਣ ਵਾਲੀ ਹੈ। ਇਸ ( ਬਾਬਾ ) ਦੇ ਲਈ ਤੇ ਸਹਿਜ ਹੈ। ਕਿਉਂਕਿ ਇਨ੍ਹਾਂ ਦਾ ਧੰਧਾ ਹੀ ਇਹ ਹੈ। ਸਾਰਾ ਦਿਨ ਬੁੱਧੀ ਇਸੇ ਵਿੱਚ ਲੱਗੀ ਹੋਈ ਹੈ। ਅੱਛਾ, ਜੋ ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਤੇ ਕਰਮ ਕਰਨਾ ਹੈ। ਸਥੂਲ ਕਰਮ ਕਰਨ ਤੇ ਇਹ ਗੱਲਾਂ ਭੁੱਲ ਜਾਂਦੀਆਂ ਹਨ, ਬਾਬਾ ਦੀ ਯਾਦ ਭੁੱਲ ਜਾਂਦੀ ਹੈ। ਬਾਬਾ ਖੁਦ ਆਪਣਾ ਅਨੁਭਵ ਸੁਣਾਉਂਦੇ ਹਨ। ਬਾਬਾ ਨੂੰ ਯਾਦ ਕਰਦਾ ਹਾਂ, ਬਾਬਾ ਇਸ ਰਥ ਨੂੰ ਖਿਲਾ ਰਹੇ ਹਨ ਫਿਰ ਭੁੱਲ ਜਾਂਦਾ ਹਾਂ ਤਾਂ ਬਾਬਾ ਵਿਚਾਰ ਕਰਦੇ ਹਨ ਮੈਂ ਵੀ ਭੁੱਲ ਜਾਂਦਾ ਹਾਂ ਤਾਂ ਇਨ੍ਹਾਂ ਵਿਚਾਰਿਆਂ ਨੂੰ ਕਿੰਨੀ ਤਕਲੀਫ ਹੁੰਦੀ ਹੋਵੇਗੀ! ਇਸ ਚਾਰਟ ਨੂੰ ਵਧਾ ਕਿਵੇਂ ਸਕਦੇ ਹੋਣਗੇ? ਪ੍ਰਵ੍ਰਿਤੀ ਮਾਰਗ ਵਾਲਿਆਂ ਲਈ ਮੁਸ਼ਕਿਲ ਹੈ। ਉਨ੍ਹਾਂ ਨੂੰ ਫਿਰ ਮਿਹਨਤ ਕਰਨੀ ਪਵੇ। ਬਾਬਾ ਸਮਝਾਉਂਦੇ ਤੇ ਸਭ ਨੂੰ ਹਨ। ਜੋ ਪੁਰਸ਼ਾਰਥ ਕਰਦੇ ਹੋਣਗੇ ਉਹ ਰਿਜਲਟ ਲਿਖ ਭੇਜ ਸਕਦੇ ਹਨ। ਬਾਬਾ ਜਾਣਦੇ ਹਨ ਬਰੋਬਰ ਡੀਫ਼ੀਕਲਟ ਹੈ। ਬਾਬਾ ਕਹਿੰਦੇ ਹਨ ਰਾਤ ਨੂੰ ਮਿਹਨਤ ਕਰੋ। ਤੁਹਾਡਾ ਥੱਕ ਸਾਰਾ ਉਤਰ ਜਾਵੇਗਾ, ਜੇਕਰ ਤੁਸੀਂ ਯੋਗ ਯੁਕਤ ਹੋ ਵਿਚਾਰ ਸਾਗਰ ਮੰਥਨ ਕਰਦੇ ਰਹੋਗੇ ਤਾਂ। ਬਾਬਾ ਆਪਣਾ ਅਨੁਭਵ ਦੱਸਦੇ ਹਨ - ਕਦੋਂ ਦੂਜੀਆਂ ਗੱਲਾਂ ਵੱਲ ਬੁੱਧੀ ਚਲੀ ਜਾਂਦੀ ਹੈ ਤਾਂ ਮੱਥਾ ਗਰਮ ਹੋ ਜਾਂਦਾ ਹੈ। ਫਿਰ ਉਨ੍ਹਾਂ ਤੂਫ਼ਾਨਾਂ ਤੋਂ ਬੁੱਧੀ ਨੂੰ ਨਿਕਾਲ ਇਸ ਵਿਚਾਰ ਸਾਗਰ ਮੰਥਨ ਵਿਚ ਲੱਗ ਜਾਂਦਾ ਹਾਂ ਤਾਂ ਮੱਥਾ ਹਲਕਾ ਹੋ ਜਾਂਦਾ ਹੈ। ਮਾਇਆ ਦੇ ਤੂਫ਼ਾਨ ਤੇ ਅਨੇਕ ਤਰ੍ਹਾਂ ਦੇ ਆਉਂਦੇ ਹਨ। ਇਸ ਪਾਸੇ ਬੁੱਧੀ ਲਗਾਉਣ ਤੇ ਉਹ ਥਕਾਵਟ ਸਾਰੀ ਉਤਰ ਜਾਂਦੀ ਹੈ, ਬੁੱਧੀ ਰੀਫ੍ਰੇਸ਼ ਹੋ ਜਾਂਦੀ ਹੈ। ਬਾਬਾ ਦੀ ਸਰਵਿਸ ਵਿਚ ਲੱਗ ਜਾਂਦੇ ਹਾਂ ਤਾਂ ਯੋਗ ਅਤੇ ਗਿਆਨ ਦਾ ਮੱਖਣ ਮਿਲ ਜਾਂਦਾ ਹੈ। ਇਹ ਬਾਬਾ ਅਨੁਭਵ ਦੱਸ ਰਹੇ ਹਨ। ਬਾਪ ਤੇ ਬੱਚਿਆਂ ਨੂੰ ਦੱਸਣਗੇ ਨਾ - ਇਵੇਂ - ਇਵੇਂ ਹੋਵੇਗਾ, ਮਾਇਆ ਦੇ ਵਿਕਲਪ ਆਉਣਗੇ। ਬੁੱਧੀ ਨੂੰ ਫਿਰ ਉਸ ਤਰਫ਼ ਲਗਾ ਦੇਣਾ ਚਾਹੀਦਾ ਹੈ। ਚਿੱਤਰ ਉਠਾਕੇ ਉਸ ਤੇ ਖਿਆਲਾਤ ਕਰਨਾ ਚਾਹੀਦਾ ਹੈ ਤਾਂ ਮਾਇਆ ਦਾ ਤੂਫ਼ਾਨ ਉੱਡ ਜਾਵੇ। ਬਾਬਾ ਜਾਣਦੇ ਹਨ ਕਿ ਮਾਇਆ ਅਜਿਹੀ ਹੈ ਜੋ ਯਾਦ ਵਿੱਚ ਰਹਿਣ ਨਹੀਂ ਦਿੰਦੀ। ਥੋੜ੍ਹੇ ਹਨ ਜੋ ਪੂਰਾ ਯਾਦ ਵਿਚ ਰਹਿੰਦੇ ਹਨ। ਵੱਡੀਆਂ - ਵੱਡੀਆਂ ਗੱਲਾਂ ਤਾਂ ਬਹੁਤ ਕਰਦੇ ਹਨ। ਜੇਕਰ ਬਾਬਾ ਦੀ ਯਾਦ ਵਿੱਚ ਰਹਿਣ ਤਾਂ ਬੁੱਧੀ ਕਲੀਅਰ ਰਹੇ। ਯਾਦ ਕਰਨ ਜਿਹਾ ਮੱਖਣ ਹੋਰ ਕੋਈ ਹੈ ਨਹੀਂ। ਪ੍ਰੰਤੂ ਸਥੂਲ ਬੋਝ ਬਹੁਤ ਹੋਣ ਨਾਲ ਯਾਦ ਘੱਟ ਹੋ ਜਾਂਦੀ ਹੈ।

ਬੰਬਈ ਵਿਚ ਵੇਖੋ ਪੋਪ ਆਇਆ, ਕਿੰਨੀ ਉਨ੍ਹਾਂ ਦੀ ਮਹਿਮਾ ਸੀ ਜਿਵੇਂ ਕਿ ਸਭ ਦਾ ਭਗਵਾਨ ਆਇਆ ਸੀ। ਤਾਕਤ ਵਾਲੇ ਹਨ ਨਾ। ਭਾਰਤਵਾਸੀਆਂ ਨੂੰ ਆਪਣੇ ਧਰਮ ਦਾ ਪਤਾ ਨਹੀਂ ਹੈ। ਆਪਣਾ ਧਰਮ ਹਿੰਦੂ ਕਹਿੰਦੇ ਰਹਿੰਦੇ ਹਨ। ਹਿੰਦੂ ਤੇ ਕੋਈ ਧਰਮ ਹੀ ਨਹੀਂ ਹੈ। ਕਿੱਥੋਂ ਆਇਆ ਕਦੋਂ ਸਥਾਪਨ ਹੋਇਆ, ਕਿਸੇ ਨੂੰ ਪਤਾ ਨਹੀਂ ਹੈ। ਤੁਹਾਡੇ ਵਿੱਚ ਗਿਆਨ ਦੀ ਉਛਾਲ ਆਉਣੀ ਚਾਹੀਦੀ ਹੈ। ਸ਼ਿਵ ਸ਼ਕਤੀਆਂ ਨੂੰ ਗਿਆਨ ਵਿੱਚ ਉੱਛਲ ਮਾਰਨੀ ਚਾਹੀਦੀ ਹੈ। ਉਨ੍ਹਾਂ ਨੇ ਤਾਂ ਸ਼ਕਤੀਆਂ ਨੂੰ ਸ਼ੇਰ ਤੇ ਵਿਖਾਇਆ ਹੈ। ਹੈ ਸਾਰੀ ਗਿਆਨ ਦੀ ਗੱਲ। ਪਿਛਾੜੀ ਵਿੱਚ ਜਦੋਂ ਤੁਹਾਡੇ ਵਿੱਚ ਗਿਆਨ ਦੀ ਤਾਕਤ ਆਵੇਗੀ ਤਾਂ ਸਾਧੂ ਸੰਤ ਆਦਿ ਨੂੰ ਵੀ ਸਮਝਾਵੋਗੇ। ਇਤਨਾ ਗਿਆਨ ਜਦੋਂ ਬੁੱਧੀ ਵਿੱਚ ਹੋਵੇ ਤਾਂ ਉਛਾਲ ਆ ਸਕਦੀ ਹੈ। ਜਿਵੇਂ ਚਕਰਾਤਾ ਪਿੰਡ ਵਿੱਚ ਖੇਤੀ ਕਰਨ ਵਾਲਿਆਂ ਨੂੰ ਟੀਚਰ ਪੜ੍ਹਾਉਂਦੇ ਹਨ ਤਾਂ ਉਹ ਪੜ੍ਹਦੇ ਨਹੀਂ। ਉਨ੍ਹਾਂ ਨੂੰ ਖੇਤੀ ਬਾੜੀ ਹੀ ਚੰਗੀ ਲਗਦੀ ਹੈ। ਇਵੇਂ ਅੱਜ ਦੇ ਮਨੁੱਖਾਂ ਨੂੰ ਇਹ ਗਿਆਨ ਦੇਵੋ ਤਾਂ ਕਹਿਣਗੇ ਇਹ ਚੰਗਾ ਨਹੀਂ ਲਗਦਾ, ਅਸੀਂ ਤੇ ਸ਼ਾਸਤਰ ਪੜ੍ਹਨੇ ਹਨ। ਪ੍ਰੰਤੂ ਭਗਵਾਨ ਸਾਫ ਕਹਿੰਦੇ ਹਨ, ਜਪ, ਤਪ, ਦਾਨ, ਪੁੰਨ ਆਦਿ ਤੇ ਮਤਲਬ ਸ਼ਾਸਤਰ ਪੜ੍ਹਨ ਨਾਲ ਮੈਨੂੰ ਕਿਸੇ ਨੇ ਨਹੀਂ ਪਾਇਆ ਹੈ। ਡਰਾਮੇ ਨੂੰ ਨਹੀਂ ਜਾਣਦੇ। ਇਹ ਥੋੜ੍ਹੀ ਨਾ ਸਮਝਦੇ ਹਨ ਨਾਟਕ ਵਿਚ ਐਕਟਰਸ ਹਨ, ਪਾਰਟ ਵਜਾਉਣ ਲਈ ਇਹ ਚੋਲਾ ਲਿਆ ਹੈ। ਇਹ ਹੈ ਹੀ ਕੰਡਿਆਂ ਦਾ ਜੰਗਲ। ਇੱਕ ਦੂਜੇ ਨੂੰ ਕੰਡਾ ਲਗਾਉਂਦੇ, ਲੁੱਟਦੇ ਮਾਰਦੇ ਰਹਿੰਦੇ ਹਨ। ਸੂਰਤ ਭਾਵੇਂ ਮਨੁਖ ਦੀ ਹੈ ਪ੍ਰੰਤੂ ਸੀਰਤ ਬੰਦਰ ਜਿਹੀ ਹੈ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਕੋਈ ਨਵਾਂ ਸੁਣੇ ਤਾਂ ਗਰਮ ਹੋ ਜਾਵੇ। ਬੱਚੇ ਥੋੜ੍ਹੀ ਨਾ ਗਰਮ ਹੋਣਗੇ। ਬਾਪ ਕਹਿੰਦੇ ਹਨ ਮੈਂ ਬੱਚਿਆਂ ਨੂੰ ਹੀ ਸਮਝਾਉਂਦਾ ਹਾਂ। ਬੱਚਿਆਂ ਨੂੰ ਤੇ ਮਾਤਾ - ਪਿਤਾ ਕੁਝ ਵੀ ਕਹਿ ਸਕਦੇ ਹਨ। ਬੱਚਿਆਂ ਨੂੰ ਬਾਪ ਚਮਾਟ ਵੀ ਮਾਰੇ ਤਾਂ ਦੂਸਰਾ ਥੋੜ੍ਹੀ ਨਾ ਕੁਝ ਕਰ ਸਕਦਾ ਹੈ। ਮਾਤਾ - ਪਿਤਾ ਦਾ ਤੇ ਫਰਜ ਹੈ ਬੱਚਿਆਂ ਨੂੰ ਸੁਧਾਰਨਾ। ਪ੍ਰੰਤੂ ਇੱਥੇ ਲਾਅ ਨਹੀਂ ਹੈ। ਜਿਵੇਂ ਦਾ ਕਰਮ ਮੈਂ ਕਰਾਂਗਾ ਮੈਨੂੰ ਵੇਖ ਹੋਰ ਵੀ ਕਰਨਗੇ। ਤਾਂ ਬਾਬਾ ਨੇ ਜੋ ਵਿਚਾਰ ਸਾਗਰ ਮੰਥਨ ਕੀਤਾ ਉਹ ਵੀ ਦੱਸਿਆ। ਇਹ ਪਹਿਲੇ ਨੰਬਰ ਵਿੱਚ ਹੈ, ਇਨ੍ਹਾਂ ਨੂੰ 84 ਜਨਮ ਲੈਣੇ ਪੈਂਦੇ ਹਨ। ਤਾਂ ਹੋਰ ਵੀ ਜੋ ਹੈੱਡਸ ( ਧਰਮ ਸਥਾਪਕ ) ਹਨ ਉਹ ਫਿਰ ਨਿਰਵਾਣ ਵਿੱਚ ਕਿਵੇਂ ਜਾਣਗੇ। ਉਨ੍ਹਾਂ ਨੂੰ ਸਤੋ, ਰਜੋ, ਤਮੋ, ਵਿੱਚ ਜਰੂਰ ਆਉਣਾ ਹੈ। ਪਹਿਲੇ ਨੰਬਰ ਵਿੱਚ ਲਕਸ਼ਮੀ - ਨਾਰਾਇਣ ਹਨ ਜੋ ਵਿਸ਼ਵ ਦੇ ਮਾਲਿਕ ਹਨ। ਉਨ੍ਹਾਂ ਨੂੰ ਵੀ 84 ਜਨਮ ਲੈਣੇ ਪੈਂਦੇ ਹਨ। ਮਨੁੱਖ ਸ੍ਰਿਸ਼ਟੀ ਵਿਚ ਜੋ ਹਾਈਏਸਟ ਨਿਊ ਮੈਨ ਹੈ ਉਸ ਦੇ ਨਾਲ ਨਿਊ ਵਿਮੈਨ ਵੀ ਚਾਹੀਦੀ ਹੈ। ਨਹੀਂ ਤਾਂ ਵਿਮੈਨ ਬਿਨਾਂ ਪੈਦਾਇਸ਼ ਕਿਵੇਂ ਹੋਵੇਗੀ? ਸਤਿਯੁਗ ਵਿੱਚ ਨਿਉ ਮੈਨ ਹੈ ਇਹ ਲਕਸ਼ਮੀ - ਨਾਰਾਇਣ। ਓਲਡ ਤੋਂ ਹੀ ਨਿਊ ਹੁੰਦੇ ਹਨ। ਇਹ ਤੇ ਆਲਰਾਉਂਡਰ ਪਾਰਟ ਵਾਲੇ ਹਨ। ਬਾਕੀ ਵੀ ਸਭ ਸਤੋ, ਤੋਂ ਤਮੋ ਵਿੱਚ ਆਉਂਦੇ ਹਨ, ਓਲਡ ਬਣਦੇ ਹਨ ਫਿਰ ਓਲਡ ਤੋਂ ਨਿਊ ਹੋ ਜਾਂਦੇ ਹਨ। ਜਿਵੇਂ ਕਰਾਈਸਟ ਪਹਿਲਾਂ ਨਿਊ ਆਇਆ ਫਿਰ ਓਲਡ ਬਣਕੇ ਗਿਆ ਫਿਰ ਨਿਊ ਹੋਕੇ ਆਵੇਗਾ ਆਪਣੇ ਟਾਇਮ ਤੇ। ਇਹ ਗੱਲ ਬੜੀ ਸਮਝਣ ਦੀ ਹੈ। ਇਸ ਵਿੱਚ ਯੋਗ ਚੰਗਾ ਚਾਹੀਦਾ ਹੈ। ਪੂਰਾ ਸਰੰਡਰ ਵੀ ਚਾਹੀਦਾ ਹੈ ਤਾਂ ਹੀ ਵਰਸੇ ਦਾ ਹੱਕਦਾਰ ਬਣ ਸਕੇ। ਸਰੰਡਰ ਹੋਵੇਗਾ ਤਾਂ ਬਾਬਾ ਡਾਇਰੈਕਸ਼ਨ ਵੀ ਦੇ ਸਕਣਗੇ ਕਿ ਇਵੇਂ - ਇਵੇਂ ਕਰੋ। ਕੋਈ ਸਰੰਡਰ ਹੈ ਫਿਰ ਕਹਿੰਦਾ ਹਾਂ ਕਿ ਵਿਵਹਾਰ ਵਿੱਚ ਵੀ ਰਹੋ ਤਾਂ ਬੁੱਧੀ ਦਾ ਪਤਾ ਪਵੇ। ਵਿਵਹਾਰ ਵਿੱਚ ਰਹਿੰਦੇ ਹੋਏ ਗਿਆਨ ਉਠਾਓ, ਪਾਸ ਹੋਕੇ ਵਿਖਾਓ। ਗ੍ਰਹਿਸਥ ਵਿੱਚ ਨਹੀਂ ਜਾਣਾ। ਬ੍ਰਹਮਚਾਰੀ ਹੋਕੇ ਰਹਿਣਾ ਤੇ ਚੰਗਾ ਹੈ। ਬਾਬਾ ਹਰ ਇੱਕ ਦਾ ਹਿਸਾਬ ਵੀ ਪੁੱਛਦੇ ਹਨ। ਮੰਮਾ ਬਾਬਾ ਦੀ ਪਾਲਣਾ ਲਿਤੀ ਹੈ ਤਾਂ ਫਿਰ ਕਰਜ ਵੀ ਉਤਾਰਨਾ ਹੈ ਤਾਂ ਬਲ ਮਿਲੇਗਾ। ਨਹੀਂ ਤਾਂ ਬਾਪ ਵੀ ਕਹੇਗਾ ਕਿ ਅਸੀਂ ਇੰਨੀ ਮੇਹਨਤ ਕਰ ਪਾਲਣਾ ਕੀਤੀ ਅਤੇ ਸਾਨੂੰ ਛੱਡ ਦਿੱਤਾ। ਹਰੇਕ ਦੀ ਰਗ ਦੇਖਣੀ ਪੈਂਦੀ ਹੈ ਫਿਰ ਡਾਇਰੈਕਸ਼ਨ ਦਿੱਤੇ ਜਾਂਦੇ ਹਨ। ਸਮਝੋ ਇਨ੍ਹਾਂ ਤੋਂ ਭੁੱਲ ਹੋ ਜਾਂਦੀ ਹੈ ਤਾਂ ਬਾਪ ਉਸ ਨੂੰ ਅਭੁੱਲ ਕਰਵਾਏ ਠੀਕ ਕਰ ਦਿੰਦੇ ਹਨ। ਇਹ ਵੀ ਕਦਮ - ਕਦਮ ਸ਼੍ਰੀਮਤ ਤੇ ਚਲਦੇ ਰਹਿੰਦੇ ਹਨ। ਕਦੇ ਨੁਕਸਾਨ ਹੋ ਜਾਂਦਾ ਹੈ ਤਾਂ ਸਮਝਦੇ ਹਨ ਡਰਾਮੇ ਵਿੱਚ ਸੀ। ਅੱਗੇ

ਫਿਰ ਅਜਿਹੀ ਗੱਲ ਹੋਣੀ ਨਹੀਂ ਚਾਹੀਦੀ। ਭੁੱਲ ਤਾਂ ਆਪਣੇ ਦਿਲ ਨੂੰ ਖਾਂਦੀ ਹੈ। ਭੁੱਲ ਕੀਤੀ ਤਾਂ ਉਸਦੇ ਏਵਜ ਵਿੱਚ ਫਿਰ ਬਹੁਤ ਸਰਵਿਸ ਵਿਚ ਲੱਗਣਾ ਚਾਹੀਦਾ, ਪੁਰਸ਼ਾਰਥ ਬਹੁਤ ਕਰਨਾ ਚਾਹੀਦਾ ਹੈ। ਕਿਸੇ ਦਾ ਜੀਵਨ ਬਨਾਉਣਾ - ਇਹ ਹੈ ਪੁਰਸ਼ਾਰਥ।

ਬਾਬਾ ਕਹਿੰਦੇ ਹਨ ਮੈਨੂੰ ਯੋਗੀ ਅਤੇ ਗਿਆਨੀ ਸਭ ਤੋਂ ਪਿਆਰਾ ਹੈ। ਯੋਗ ਵਿੱਚ ਰਹਿਕੇ ਭੋਜਨ ਬਣਾਏ, ਖਵਾਏ ਤਾਂ ਬਹੁਤ ਉੱਨਤੀ ਹੋ ਸਕਦੀ ਹੈ। ਇਹ ਸ਼ਿਵਬਾਬਾ ਦਾ ਭੰਡਾਰਾ ਹੈ। ਤਾਂ ਸ਼ਿਵ ਬਾਬਾ ਦੇ ਬੱਚੇ ਜਰੂਰ ਅਜਿਹੇ ਯੋਗ ਯੁਕਤ ਹੋਣਗੇ ਨਾ। ਹੌਲੀ - ਹੌਲੀ ਅਵਸਥਾ ਉੱਚ ਹੁੰਦੀ ਹੈ। ਟਾਇਮ ਜਰੂਰ ਲਗਦਾ ਹੈ। ਹਰੇਕ ਦਾ ਕਰਮਬੰਧਨ ਆਪਣਾ - ਆਪਣਾ ਹੈ। ਕੰਨਿਆਵਾਂ ਤੇ ਕੋਈ ਬੋਝ ਨਹੀਂ। ਹਾਂ, ਬੱਚਿਆਂ ਤੇ ਹੈ। ਵੱਡੇ ਬੱਚੇ ਹੋ ਗਏ ਹਨ ਤਾਂ ਮਾਤਾ - ਪਿਤਾ ਤੇ ਬੋਝ ਪੈਂਦਾ ਹੈ। ਬਾਪ ਨੇ ਇਤਨਾ ਸਮਝਾਇਆ, ਇਤਨਾ ਸਮੇਂ ਪਾਲਣਾ ਕੀਤੀ ਗਈ ਤਾਂ ਉਨ੍ਹਾਂ ਨੂੰ ਪਾਲਣਾ ਕਰਨੀ ਪਵੇ। ਹਿਸਾਬ ਚੁਕਤੂ ਕਰਨਾ ਹੈ ਤਾਂ ਉਨ੍ਹਾਂ ਦੀ ਵੀ ਦਿਲ ਖੁਸ਼ ਹੋਵੇਗੀ। ਸਪੂਤ ਬੱਚੇ ਜੋ ਹੁੰਦੇ ਹਨ ਤਾਂ ਉਹ ਮੁਸਾਫਰੀ ਤੋਂ ਮੁੜਨ ਤੇ ਸਭ ਕੁਝ ਬਾਪ ਦੇ ਅੱਗੇ ਰੱਖਦੇ ਹਨ। ਕਰਜਾ ਉਤਾਰਨਾ ਹੈ ਨਾ। ਬਹੁਤ ਸਮਝਣ ਦੀਆਂ ਗੱਲਾਂ ਹਨ। ਉੱਚ ਪਦਵੀ ਪਾਉਣ ਵਾਲੇ ਹੀ ਸ਼ੇਰ ਮੁਆਫਿਕ ਉੱਛਲਦੇ ਰਹਿਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਯੋਗ ਵਿੱਚ ਰਹਿ ਕੇ ਭੋਜਨ ਬਨਾਉਣਾ ਹੈ। ਯੋਗ ਵਿੱਚ ਹੀ ਰਹਿ ਕੇ ਭੋਜਨ ਖਾਣਾ ਹੈ ਅਤੇ ਖਵਾਉਣਾ ਹੈ।

2. ਬਾਬਾ ਨੇ ਜੋ ਸਮਝਾਇਆ ਹੈ ਉਸ ਤੇ ਚੰਗੀ ਤਰ੍ਹਾਂ ਵਿਚਾਰ ਸਾਗਰ ਮੰਥਨ ਕਰ ਯੋਗ ਯੁਕਤ ਹੋ ਹੋਰਾਂ ਨੂੰ ਵੀ ਸਮਝਾਉਣਾ ਹੈ।

ਵਰਦਾਨ:- ਸਵ ਪਰਿਵਰਤਨ ਅਤੇ ਵਿਸ਼ਵ ਪਰਿਵਰਤਨ ਦੀ ਜਿੰਮੇਵਾਰੀ ਦੇ ਤਾਜਧਾਰੀ ਸੋ ਵਿਸ਼ਵ ਰਾਜ ਦੇ ਤਾਜਧਾਰੀ ਭਵ।
ਜਿਵੇਂ ਬਾਪ ਦੇ ਉਪਰ, ਪ੍ਰਾਪਤੀ ਦੇ ਉਪਰ ਹਰ ਇੱਕ ਆਪਣਾ ਅਧਿਕਾਰ ਸਮਝਦੇ ਹੋ, ਇਵੇਂ ਸਵ ਪਰਿਵਰਤਨ ਅਤੇ ਵਿਸ਼ਵ ਪਰਿਵਰਤਨ ਦੋਵਾਂ ਦੇ ਜਿੰਮੇਵਾਰੀ ਦੇ ਤਾਜਧਾਰੀ ਬਣੋ ਤਾਂ ਵਿਸ਼ਵ ਰਾਜ ਦੇ ਤਾਜ ਅਧਿਕਾਰੀ ਬਣੋਗੇ। ਵਰਤਮਾਨ ਹੀ ਭਵਿੱਖ ਦਾ ਆਧਾਰ ਹੈ। ਚੈਕ ਕਰੋ ਅਤੇ ਨਾਲੇਜ਼ ਦੇ ਦਰਪਣ ਵਿੱਚ ਵੇਖੋ ਕਿ ਬ੍ਰਾਹਮਣ ਜੀਵਨ ਵਿਚ ਪਵਿਤ੍ਰਤਾ ਦਾ, ਪੜਾਈ ਅਤੇ ਸੇਵਾ ਦਾ ਡਬਲ ਤਾਜ ਹੈ? ਜੇਕਰ ਇੱਥੇ ਕੋਈ ਵੀ ਤਾਜ ਅਧੂਰਾ ਹੈ ਤਾਂ ਉਥੇ ਵੀ ਛੋਟੇ ਜਿਹੇ ਤਾਜ ਦੇ ਅਧਿਕਾਰੀ ਬਣੋਗੇ।

ਸਲੋਗਨ:- ਸਦਾ ਬਾਪਦਾਦਾ ਦੀ ਛਤ੍ਰਛਾਇਆ ਦੇ ਅੰਦਰ ਰਹੋ ਤਾਂ ਵਿਘਨ - ਵਿਨਾਸ਼ਕ ਬਣ ਜਾਵੋਗੇ।

******